ਦਫਤਰ: ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਨੇੜੇ ਮੁੱਖ ਡਾਕ ਘਰ, ਹੁਸ਼ਿਆਰਪੁਰ, (ਪੰਜਾਬ)।

ਦਫਤਰ ਦਾ ਟੈਲੀਫੋਨ ਨੰ.01882-220325 ਦਫਤਰ ਈ-ਮੇਲ ਆਈ.ਡੀ.:secchsrpurpwdpb@gmail.com

JS/CE/PD FR

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
17-ਸੀ, ਬੇਜ਼ ਬਿਲਡਿੰਗ,
ਚੰਡੀਗੜ੍ਹ।

SE/EE/SDE/Supdt/OM/DD(IT)/MA No 876 30/5/19 EE (PSRSP 30/5/19

ਨੰਬਰ:ਅ-6/________ ਮਿਤੀ:__/__/2019.

ਵਿਸ਼ਾ:- ਸਹਿਕਾਰੀ ਸਭਾ ਦੀ ਇੰਨਲਿਸਟਮੈਂਟ ਤਸਦੀਕ ਕਰਨ ਬਾਰੇ:
1. ਪ੍ਰੀਤ ਕੋਆਪਰੇਟਿਵ ਸੁਸਾਇਟੀ ਲਿਮਟਡ (ਇੰਨਲਿਸਟਮੈਂਟ ਨੰ:36 ਮਿਤੀ 19-06-2018)
2. ਦੀ ਤਲਵੰਡੀ ਰਾਮਾ ਕੋਆਪਰੇਟਿਵ ਸੁਸਾਇਟੀ ਲਿਮਟਡ (ਇੰਨਲਿਸਟਮੈਂਟ ਨੰ:46 ਮਿਤੀ 15-06-2016)

ਹਵਾਲਾ:- ਕਾਰਜਕਾਰੀ ਇੰਜੀਨੀਅਰ, ਅੰਮ੍ਰਿਤਸਰ ਜਲ ਨਿਕਾਸ ਮੰਡਲ, ਅੰਮ੍ਰਿਤਸਰ ਦੇ ਦਫ਼ਤਰ ਦਾ ਪੱਤਰ ਨੰ:571/6-ਏ ਮਿਤੀ 07-05-2019 ਅਤੇ ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਮੰਡਲ ਅਬਦਨ, ਗੁਰਦਾਸਪੁਰ ਦੇ ਦਫ਼ਤਰ ਦਾ ਪੱਤਰ ਨੰ:1136/24ਏ ਮਿਤੀ 07-05-2019 ਇਸ ਦਫ਼ਤਰ ਦੇ ਪਤੇ ਤੇ (ਫੋਟੋ ਕਾਪੀਆਂ ਨੱਥੀ ਹਨ)।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰਾਂ ਰਾਹੀਂ ਸਬੰਧਿਤ ਦਫ਼ਤਰਾਂ ਵਲੋਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਦਫ਼ਤਰਾਂ ਵਿੱਚ ਵਿਕਾਸ ਦੇ ਕੰਮਾਂ ਦੇ ਟੈਂਡਰ ਵਿਸ਼ੇ ਅੰਕਿਤ ਸੁਸਾਇਟੀਆਂ ਵਲੋਂ ਉਪਰੋਕਤ ਦਰਸਾਏ ਇੰਨਲਿਸਟਮੈਂਟ ਸਰਟੀਫਿਕੇਟਾਂ ਦੇ ਅਧਾਰ ਤੇ ਪਾਏ ਗਏ ਹਨ। ਇਸ ਲਈ ਉਨ੍ਹਾਂ ਵਲੋਂ ਇਨ੍ਹਾਂ ਇੰਨਲਿਸਟਮੈਂਟਾਂ ਦੀ ਤਸਦੀਕ/ਪੁਸ਼ਟੀ ਕਰਵਾਉਣ ਲਈ ਇਸ ਦਫ਼ਤਰ ਨੂੰ ਲਿਖਿਆ ਗਿਆ ਸੀ। ਇਸ ਉਪਰੰਤ ਇਸ ਦਫ਼ਤਰ ਵਲੋਂ ਸਬੰਧਿਤ ਰਿਕਾਰਡ ਨੂੰ ਘੋਖਿਆ ਗਿਆ ਅਤੇ ਪਾਇਆ ਗਿਆ ਕਿ ਇਨ੍ਹਾਂ ਸੁਸਾਇਟੀਆਂ; ਪ੍ਰੀਤ ਕੋਆਪਰੇਟਿਵ ਸੁਸਾਇਟੀ ਲਿਮਟਡ ਦਾ ਇੰਨਲਿਸਟਮੈਂਟ ਸਰਟੀਫਿਕੇਟ ਨੰ:36 ਮਿਤੀ 19-06-2018 ਅਤੇ ਤਲਵੰਡੀ ਰਾਮਾ ਕੋਆਪਰੇਟਿਵ ਸੁਸਾਇਟੀ ਲਿਮਟਡ ਦਾ ਇੰਨਲਿਸਟਮੈਂਟ ਸਰਟੀਫਿਕੇਟ ਨੰ:46 ਮਿਤੀ 15-06-2016 ਇਸ ਦਫ਼ਤਰ ਵਲੋਂ ਜਾਰੀ ਨਹੀਂ ਹੋਇਆ ਹੈ, ਜੋ ਕਿ ਇਨ੍ਹਾਂ ਵਲੋਂ ਇਸ ਵਿਭਾਗ ਦੇ ਅਧਿਕਾਰੀ ਦੇ ਫਰਜ਼ੀ ਹਸਤਾਖ਼ਰ ਕਰਕੇ, ਜਾਅਲੀ ਸਰਟੀਫਿਕੇਟ ਬਣਾਇਆ ਗਿਆ ਹੈ, ਜੋ ਕਿ ਸਰਕਾਰ ਦੇ ਨਾਲ ਬਹੁਤ ਵੱਡੀ ਧੋਖਾ-ਧੜੀ ਹੈ। ਇਸ ਸਬੰਧੀ ਸਬੰਧਿਤ ਦਫ਼ਤਰਾਂ ਨੂੰ ਇਸ ਦਫ਼ਤਰ ਵਲੋਂ ਕ੍ਰਮਵਾਰ ਪੱਤਰ ਨੰ:335 ਮਿਤੀ 07-05-2019 ਅਤੇ ਪੱਤਰ ਨੰ:349 ਮਿਤੀ 08-05-2019 ਰਾਹੀਂ ਸੂਚਿਤ ਕਰ ਦਿੱਤਾ ਗਿਆ ਹੈ (ਕਾਪੀਆਂ ਨੱਥੀ ਹਨ)।

ਉਪਰੋਕਤ ਦਰਸਾਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਦੋਨਾਂ ਸੁਸਾਇਟੀਆਂ ਦੇ ਵਿਰੁੱਧ ਬਣਦੀ ਕਾਰਵਾਈ ਕਰਦੇ ਹੋਏ ਇਨ੍ਹਾਂ ਦੀਆਂ ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਤਾਂ ਜੋ ਇਨ੍ਹਾਂ ਵਲੋਂ ਭਵਿੱਖ ਵਿੱਚ ਸਰਕਾਰੀ ਕੰਮ-ਕਾਜ ਵਿੱਚ ਕਿਸੇ ਕਿਸਮ ਦੀ ਹੇਰਾ ਫੇਰੀ ਹੋਣ ਤੋਂ ਬਚਿਆ ਜਾ ਸਕੇ।

ਨੱਥੀ/ ਚਾਰ ਪੱਤਰਾਂ ਦੀਆਂ ਕਾਪੀਆਂ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ, ਲੋ:ਨਿ:ਵਿ:(ਭ ਤੇ ਮ ਸ਼ਾਖਾ),
ਹੁਸ਼ਿਆਰਪੁਰ।

ਪਿੱਠ ਅੰਕਣ ਨੰ: 453-56 ਮਿਤੀ: 27/05/2019.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਨਾਰਥ), ਪੰਜਾਬ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਜੀ।
2. ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ., ਐਸ.ਸੀ.ਐਫ. 61-62, ਫੇਜ਼-2, ਮੁਹਾਲੀ।
3. ਕਾਰਜਕਾਰੀ ਇੰਜੀਨੀਅਰ, ਬਾਰੀ ਦੁਆਬ ਜਲ ਨਿਕਾਸ ਮੰਡਲ, ਅੰਮ੍ਰਿਤਸਰ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰ:1063-64 ਮਿਤੀ 10-05-2019 ਦੇ ਹਵਾਲੇ ਵਿੱਚ।
4. ਕਾਰਜਕਾਰੀ ਇੰਜੀਨੀਅਰ, ਅੰਮ੍ਰਿਤਸਰ ਜਲ ਨਿਕਾਸ ਮੰਡਲ, ਅੰਮ੍ਰਿਤਸਰ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰ:602-04 ਮਿਤੀ 08-05-2019 ਦੇ ਹਵਾਲੇ ਵਿੱਚ।

ਨੱਥੀ/ ਨਿੱਲ

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ, ਲੋ:ਨਿ:ਵਿ:(ਭ ਤੇ ਮ) ਸ਼ਾਖਾ,
ਹੁਸ਼ਿਆਰਪੁਰ।